# ਬੱਸ ਅੱਡੇ ਦਾ ਦ੍ਰਿਸ਼




ਬੱਸ ਅੱਡੇ ਦਾ ਦ੍ਰਿਸ਼ ਬਹੁਤ ਗਹਿਮਾ-ਗਹਿਮੀ ਵਾਲ਼ਾ ਹੁੰਦਾ ਹੈ। ਇੱਕ ਪਾਸੇ ਸਵਾਰੀਆਂ ਟਿਕਟ ਲੈਣ ਲਈ ਬੜੀ ਬੇਤਾਬੀ ਨਾਲ਼ ਲਾਈਨ ਵਿੱਚ ਖਲੋਤੀਆਂ ਹੁੰਦੀਆਂ ਹਨ, ਦੂਜੇ ਪਾਸੇ ਭੀੜ ਕਦੇ ਇੱਕ ਬੱਸ ਵੱਲ ਨੂੰ ਉਲਰਦੀ ਹੈ, ਕਦੇ ਦੂਜੀ ਵੱਲ ਨੂੰ।ਕੁੱਝ ਬੱਸਾਂ ਭਰੀਆਂ ਆਉਂਦੀਆਂ ਹਨ ਕੁੱਝ ਭਰੀਆਂ ਜਾਂਦੀਆਂ ਹਨ। ਕੋਈ-ਕੋਈ ਬੱਸ ਜਿਸ ਦਾ ਟਾਈਮ ਅਜੇ ਨਹੀਂ ਹੋਇਆ ਹੁੰਦਾ, ਇੱਕ ਪਾਸੇ ਖਲੋਤੀ ਹੁੰਦੀ ਹੈ।ਰਿਕਸ਼ਿਆਂ ਅਤੇ ਆਟੋ ਰਿਕਸ਼ਿਆਂ ਰਾਹੀਂ ਜਾਂ ਪੈਦਲ ਲੋਕ ਬੱਸ ਅੱਡੇ ਵਿੱਚ ਦਾਖਲ ਹੁੰਦੇ ਹਨ।ਕੁਲੀ ਸਵਾਰੀਆਂ ਦਾ ਸਮਾਨ ਬੱਸਾਂ ਉੱਤੇ ਚੜਾਉਂਦੇ ਅਤੇ ਲਾਹੁੰਦੇ ਵਿਖਾਈ ਦਿੰਦੇ ਹਨ।ਬੱਸ ਅੱਡੇ ‘ਤੇ ਇੱਕ ਅਜੀਬ ਜਿਹਾ ਸ਼ੋਰ ਹੁੰਦਾ ਹੈ-ਬੱਸਾਂ ਬਾਰੇ ਪੁੱਛਦੀਆਂ ਸਵਾਰੀਆਂ, ਟਿਕਟਾਂ ਲਈ ਅਵਾਜ਼ਾਂ ਦਿੰਦੇ ਕੰਡਕਟਰ, ਰਾਹ ਮੰਗਦੇ ਰਿਕਸ਼ੇ ਅਤੇ ਸਾਈਕਲਾਂ ਆਦਿ ਦੇ ਚਾਲਕ ਅਤੇ ਬੱਸਾਂ ਦੇ ਹਾਰਨ, ਨਿੱਕੀਆਂ-ਮੋਟੀਆਂ ਚੀਜ਼ਾਂ ਵੇਚਣ ਵਾਲ਼ਿਆਂ ਦੀਆਂ ਭਾਂਤ-ਭਾਂਤ ਦੀਆਂ ਅਵਾਜ਼ਾਂ-ਬੱਸ ਅੱਡਾ ਆਪਣੇ-ਆਪ ਵਿੱਚ ਇੱਕ ਵੱਸਦੀ-ਰੱਸਦੀ ਦੁਨੀਆਂ ਹੈ।